# ਸੀਨੀਅਰ ਕਰਮਚਾਰੀ ਦੀ ਤਨਖਾਹ ਕੁੱਝ ਵਿਸ਼ੇਸ਼ ਕਾਰਨਾ ਕਰਕੇ ਜੇਕਰ ਜੂਨੀਅਰ ਕਰਮਚਾਰੀ ਨਾਲੋਂ ਘੱਟ ਹੋ ਗਈ ਤਾਂ ਉਥੇ ਸੀਨੀਅਰ ਕਰਮਚਾਰੀ ਦੀ ਤਨਖਾਹ ਜੂਨੀਅਰ ਦੇ ਬਰਾਬਰ ਸਟੈਂਪ ਅਪ ਕੀਤੇ ਜਾਣ ਸਬੰਧੀ ਸਮੇਂ ਸਮੇਂ ਜਾਰੀ ਹਦਾਇਤਾਂ ਦਾ ਵੇਰਵਾ

1. ਪੰਜਾਬ ਸਰਕਾਰ ਦੇ ਵਿੱਤ ਪ੍ਰਸੋਨਲ ਵਿਭਾਗ ਦੇ ਪੱਤਰ ਨੰ: 10/44/89-ਐਫ.ਪੀ.-1/5394 ਮਿਤੀ 21.6.90 ਅਨੁਸਾਰ ਸੀਨੀਅਰ ਕਰਮਚਾਰੀ ਦੀ ਪਦ ਉਨਤੀ 8/18 ਸਾਲਾ ਪ੍ਰਵੀਨਤਾ ਤਰੱਕੀ ਲਏ ਬਿਨਾਂ ਹੋਣ ਕਾਰਨ ਅਤੇ ਜੂਨੀਅਰ ਕਰਮਚਾਰੀ ਦੀ ਪਦ ਉਨਤੀ 8/18 ਸਾਲਾ ਪ੍ਰਵੀਨਤਾ ਤਰੱਕੀ ਲੈਣ ਉਪਰੰਤ ਹੋਣ ਕਾਰਨ ਸੀਨੀਅਰ ਕਰਮਚਾਰੀ ਦੀ ਤਨਖਾਹ ਜੂਨੀਅਰ ਨਾਲੋਂ ਘੱਟ ਹੋਣ ਤੇ ਉਸਦੀ ਤਨਖਾਹ ਜੂਨੀਅਰ ਕਰਮਚਾਰੀ ਦੇ ਬਰਾਬਰ ਕੀਤੀ ਜਾਵੇਗੀ। ਸ਼ਰਤ ਇਹ ਹੈ ਕਿ ਦੋਵੇਂ ਕਰਮਚਾਰੀ ਇਕੋ ਪੇ ਸਕੇਲ ਅਤੇ ਇਕੋ ਕਾਡਰ ਵਿਚ ਕੰਮ ਕਰਦੇ ਹੋਣ ਅਤੇ ਉਨਾਂ ਦੀ ਪਦ ਉਨਤੀ ਇਕੋ ਨਿਯਮਾਂ ਅਧੀਨ ਹੋਈ ਹੋਵੇ। ਜੇਕਰ ਜੂਨੀਅਰ ਕਰਮਚਾਰੀ ਹੇਠਲੀ ਅਸਾਮੀ ਤੇ ਤਨਖਾਹ ਸੀਨੀਅਰ ਨਾਲੋਂ ਵੱਧ ਲੈ ਰਿਹਾ ਹੋਵੇ ਜਾਂ ਜੂਨੀਅਰ ਕਰਮਚਾਰੀ ਨੂੰ ਕੋਈ ਅਡਵਾਂਸ ਸਾਲਾਨਾ ਤਰੱਕੀ ਮਿਲੀ ਹੋਵੇ, ਉਥੇ ਇਸ ਤਰਾਂ ਦਾ ਲਾਭ ਮਿਲਣ ਯੋਗ ਨਹੀਂ ਹੈ। ਜਿਥੇ ਤਨਖਾਹ ਵਿਚ ਅਨਾਮਲੀ ਇਹ ਹਦਾਇਤਾਂ ਜਾਰੀ ਹੋਣ ਤੋਂ ਪਹਿਲਾਂ ਹੋ ਚੁੱਕੀ ਹੈ ਤਾਂ ਸੀਨੀਅਰ ਕਰਮਚਾਰੀ ਨੂੰ 31.10.1990 ਤੱਕ ਆਪਣੀ ਤਨਖਾਹ ਜੂਨੀਅਰ ਦੇ ਬਰਾਬਰ ਕਰਨ ਲਈ ਆਪਸ਼ਨ ਦੇਣੀ ਹੋਵੇਗੀ । ਬਾਅਦ ਦੇ ਕੇਸਾਂ ਵਿਚ ਅਨਾਮਲੀ ਪੈਦਾ ਹੋਣ ਤੋਂ 4 ਮਹੀਨੇ ਵਿਚ ਆਪਸ਼ਨ ਦੇਣੀ ਹੋਵੇਗੀ। ਜਿਥੇ ਕਿਤੇ ਸੀਨੀਅਰ ਦੀ ਤਨਖਾਹ ਜੂਨੀਅਰ ਦੇ ਬਰਾਬਰ ਕਰ ਦਿੱਤੀ ਗਈ ਤਾਂ ਅਗਲੀ ਸਾਲਾਨਾ ਤਰੱਕੀ ਉਸੇ ਮਿਤੀ ਨੂੰ ਮਿਲੇਗੀ ਜਿਸ ਮਿਤੀ ਨੂੰ ਜੂਨੀਅਰ ਨੂੰ ਮਿਲਦੀ ਹੈ।

2. ਪੰਜਾਬ ਸਰਕਾਰ ਵਲੋਂ ਮਿਤੀ 1.1.1993 ਨੂੰ ਕਰਮਚਾਰੀਆਂ ਦਾ ਮਾਸਟਰ ਸਕੇਲ ਬਦਲਿਆ ਗਿਆ ਸੀ ਜਿਸ ਕਾਰਨ ਕੁਝ ਸੀਨੀਅਰ ਕਰਮਚਾਰੀਆਂ ਦੀ ਤਨਖਾਹ ਜੂਨੀਅਰ ਨਾਲੋਂ ਘੱਟ ਗਈ ਸੀ ਇਹ ਅਨਾਮਲੀ ਦੂਰ ਕਰਨ ਲਈ ਪੰਜਾਬ ਸਰਕਾਰ, ਵਿੱਤ ਵਿਭਾਗ ਦੇ ਪੱਤਰ ਨੰ: 1/47/4 ਐਫ.ਪੀ.1/7656 ਮਿਤੀ 17.11.93 ਅਨੁਸਾਰ ਸੀਨੀਅਰ ਕਰਮਚਾਰੀ ਦੀ ਤਨਖਾਹ ਜੂਨੀਅਰ ਕਰਮਚਾਰੀ ਦੇ ਬਰਾਬਰ ਕੀਤੇ ਜਾਣਾ ਸਬੰਧੀ ਹਦਾਇਤਾਂ ਜਾਰੀ ਹੋਈਆਂ ਸਨ।ਪੰਜਾਬ ਸਰਕਾਰ ਦੇ ਪੱਤਰ ਨੰ: ਅਪਸ (ਮ) ਵਿੱਤ ਵਿਭਾਗ ਦੇ ਪੱਤਰ ਨੰ: 2004/449 ਮਿਤੀ 02.09.04 ਰਾਹੀਂ ਜਾਰੀ ਕਲੈਰੀਫੀਕੇਸ਼ਨ ਅਨੁਸਾਰ ਸੀਨੀਅਰ ਕਰਮਚਾਰੀ ਦੀ ਤਨਖਾਹ ਜੂਨੀਅਰ ਕਰਮਚਾਰੀ ਦੇ ਬਰਾਬਰ ਕਰਨ ਤੇ ਸਾਲਾਨਾਂ ਤਰੱਕੀ ਦੀ ਮਿਤੀ ਨਹੀਂ ਬਦਲੇਗੀ। ਭਾਵੇ ਸੀਨੀਅਰ ਦੀ ਸਾਲਾਨਾ ਤਰੱਕੀ ਆਪਣੀ ਰਹੇਗੀ । ਜੂਨੀਅਰ ਵਾਲੀ ਨਹੀਂ ਹੋਵੇਗੀ ।

3. ਪੰਜਾਬ ਸਰਕਾਰ, ਵਿੱਤ ਵਿਭਾਗ ਦੇ ਪੱਤਰ ਨੰ: (ਐਫ.ਪੀ.ਬੀ-11) 6/138/1 ਐਫ.ਪੀ.-11/6763 ਮਿਤੀ 21.6.2000 ਅਨੁਸਾਰ ਸੀਨੀਅਰ ਕਰਮਚਾਰੀ ਦੀ ਤਨਖਾਹ ਜੂਨੀਅਰ ਕਰਮਚਾਰੀ ਦੇ ਬਰਾਬਰ ਤਾਂ ਹੀ ਕੀਤੀ ਜਾਵੇਗੀ ਜੇਕਰ ਇਹ ਅਨਾਮਲੀ ਪੰਜਾਬ ਸਿਵਲ ਸਰਵਿਸਜ਼ (ਰਿਵਾਈਜ਼ਡ ਪੇ) ਰੂਲਜ 1988 ਦੇ ਰੂਲ 8 (ਏ) ਅਤੇ (ਬੀ) ਕਾਰਨ, ਏ.ਸੀ.ਪੀ. ਕਾਰਨ ਜਾਂ ਰਿਵਾਈਜ਼ਡ ਸਕੇਲਾਂ ਵਿਚ ਪ੍ਰਮੋਸ਼ਨ ਤੇ ਤਨਖਾਹ ਫਿਕਸ ਕਰਨ ਸਮੇਂ ਪੈਦਾ

- Whether both senior and junior employees opted as same date of option while getting their pay fixed under the revised pay rules? Yes/No
- Whether the comparative pay chart (w.e.f. entry to Government service) of Senior/Junior employee has been enclosed. Yes/No
- ਪੰਜਾਬ ਸਰਕਾਰ ਦੇ ਪੱਤਰ ਮਿਤੀ 8.11.06 ਅਨੁਸਾਰ ਸੀਨੀਅਰ ਕਰਮਚਾਰੀ ਦੀ ਸਾਲਾਨਾ ਤਰੱਕੀ ਦੀ ਮਿਤੀ ਜੂਨੀਅਰ ਕਰਮਚਾਰੀ ਵਾਲੀ ਹੋਵੇਗੀ।ਪੰਜਾਬ ਸਰਕਾਰ ਦੇ ਪੱਤਰ ਮਿਤੀ 16.7.08 ਅਨੁਸਾਰ 3.6.05 ਨੂੰ ਜਾਰੀ ਕੀਤੀਆਂ ਹਦਾਇਤਾਂ 3.6.05 ਤੋਂ ਹੀ ਲਾਗੂ ਹੋਣਗੀਆ। ਇਸ ਤੋਂ ਪਹਿਲਾਂ ਕੀਤੇ ਜਾ ਚੁੱਕੇ ਕੇਸਾਂ ਨੂੰ ਰੀਓਪਨ ਨਹੀਂ ਕੀਤਾ ਜਾਵੇਗਾ।ਪੰਜਾਬ ਸਰਕਾਰ ਦੇ ਪੱਤਰ ਮਿਤੀ 2.2.09 ਅਨੁਸਾਰ ਜੋ ਹੁਕਮ 21.6.2000 ਤੋਂ ਪਹਿਲਾਂ ਜਾਰੀ ਕੀਤੇ ਜਾ ਚੁੱਕੇ ਹੁਕਮਾਂ ਜਾਂ 21.6.2000 ਤੋਂ ਬਾਅਦ ਵਿੱਤ ਵਿਭਾਗ ਦੀ ਸਲਾਹ ਨਾਲ ਜਾਰੀ ਕੀਤੇ ਗਏ ਹਨ ਉਨ੍ਹਾ ਕੇਸਾਂ ਵਿਚ ਵਿੱਤ ਵਿਭਾਗ ਤੋਂ ਪ੍ਰਵਾਨਗੀ ਲੈਣ ਦੀ ਜਰੂਰਤ ਨਹੀਂ ਹੈ।

4. ਰਵਾਈਜਡ ਸਕੇਲ ਰੂਲਜ 2009 ਦੇ ਰੂਲ 7 ਨੋਟ 5 ਅਨੁਸਾਰ ਮਿਤੀ 1.1.2006 ਨੂੰ ਤਨਖਾਹ ਰਵੀਜਨ ਕਾਰਨ ਜੇਕਰ ਕਿਸੇ ਸੀਨੀਅਰ ਦੀ ਤਨਖਾਹ ਜੂਨੀਅਰ ਨਾਲੋ ਘੱਟ ਫਿਕਸ ਹੋ ਜਾਂਦੀ ਹੈ ਤਾਂ ਅਨਾਮਲੀ ਪੈਦਾ ਹੋਣ ਤੇ ਸੀਨੀਅਰ ਦੀ ਤਨਖਾਹ ਜੂਨੀਅਰ ਦੇ ਬਰਾਬਰ ਫਿਕਸ ਕੀਤੀ ਜਾਵੇਗੀ । ਸਰਕੂਲਰ ਪੱਤਰ ਨੰਬਰ 5/55/2009-5 ਐਫ.ਪੀ.1/604 ਮਿਤੀ 16.10.2009 ਰਾਹੀ ਰਵਾਈਜਡ ਸਕੇਲ ਰੂਲਜ ਵਿਚ ਤਨਖਾਹ ਫਿਕਸ ਕਰਨ ਲਈ ਕਲੈਰੀਫੀਕੇਸ਼ਨਾਂ ਜਾਰੀ ਕੀਤੀਆਂ ਗਈਆਂ ਹਨ। ਜਿਸ ਅਨੁਸਾਰ ਮਿਤੀ 1.1.2006 ਨੂੰ ਜੇਕਰ ਜੂਨੀਅਰ ਕਰਮਚਾਰੀ ਦੀ ਸਾਲਾਨਾ ਤਰੱਕੀ ਮਿਤੀ 1.1.2006 ਨੂੰ ਹੋਣ ਕਾਰਨ ਉਹ ਆਪਣੀ ਤਨਖਾਹ ਰੂਲ 7 ਨੋਟ 1 ਤਹਿਤ ਫਿਕਸ ਕਰਵਾਣ ਦੀ ਆਪਸ਼ਨ ਦਿੰਦਾ ਹੈ ਅਤੇ ਸੀਨੀਅਰ ਕਰਮਚਾਰੀ ਦੀ ਸਾਲਾਨਾ ਤਰੱਕੀ ਮਿਤੀ 1.1.2006 ਤੋਂ ਬਾਅਦ ਹੋਣ ਕਾਰਨ ਉਸ ਕੋਲ ਅਜਿਹੀ ਕੋਈ ਆਪਸ਼ਨ ਨਹੀਂ ਹੁੰਦੀ। ਉਸ ਕੇਸ ਵਿਚ ਜੂਨੀਅਰ ਕਰਮਚਾਰੀ ਦੀ ਤਨਖਾਹ ਮਿਤੀ 1.1.2006 ਨੂੰ ਸੀਨੀਅਰ ਨਾਲੋਂ ਵਧ ਜਾਵੇਗੀ। ਇਸ ਤਰਾਂ ਦੇ ਕੇਸ ਵਿਚ ਸੀਨੀਅਰ ਕਰਮਚਾਰੀ ਦੀ ਤਨਖਾਹ ਜੂਨੀਅਰ ਦੇ ਬਰਾਬਰ ਕੀਤੀ ਜਾਵੇਗੀ ਅਤੇ ਸਾਲਾਨਾ ਤਰੱਕੀ ਦੀ ਮਿਤੀ ਵੀ ਸੀਨੀਅਰ ਦੀ ਆਪਣੀ ਰਹੇਗੀ।

5. ਪੰਜਾਬ ਸਰਕਾਰ ਦੇ ਪੱਤਰ ਮਿਤੀ 29.7.2009 ਅਨੁਸਾਰ ਸੀਨੀਅਰ ਕਰਮਚਾਰੀ ਦੀ 1.1.06 ਤੋਂ ਪਹਿਲਾਂ ਅਤੇ ਜੂਨੀਅਰ ਕਰਮਚਾਰੀ ਦੀ 1.1.06 ਤੋਂ ਬਾਅਦ ਪਦ ਉਨਤੀ ਹੋਣ ਕਾਰਨ ਜੂਨੀਅਰ ਕਰਮਚਾਰੀ ਦੀ ਤਨਖਾਹ ਵੱਧ ਹੋਣ ਤੇ ਸੀਨੀਅਰ ਕਰਮਚਾਰੀ ਦੀ ਤਨਖਾਹ ਉਸ ਦੇ ਬਰਾਬਰ ਕੀਤੀ ਜਾਵੇਗੀ ਪ੍ਰੰਤੂ ਸੀਨੀਅਰ ਕਰਮਚਾਰੀ ਦੀ ਸਾਲਾਨਾ ਤਰੱਕੀ ਦੀ ਮਿਤੀ ਜੂਨੀਅਰ ਕਰਮਚਾਰੀ ਵਾਲੀ ਹੋ ਜਾਵੇਗੀ।ਪੰਜਾਬ ਸਰਕਾਰ 6/46/2010-1 ਐਫ.ਪੀ.11/327 ਦੇ ਪੱਤਰ ਮਿਤੀ 12.8.2010 ਅਨੁਸਾਰ ਪੰਜਾਬ ਸਿਵਲ ਸਰਵਿਸਜ਼ ਰਿਵਾਈਜਡ ਪੇ ਰੂਲਜ 2009 ਦੇ ਰੂਲ 11-ਏ ਕਾਰਨ ਜੇਕਰ ਜੂਨੀਅਰ ਕਰਮਚਾਰੀ ਦੀ ਤਨਖਾਹ ਸੀਨੀਅਰ ਕਰਮਚਾਰੀ ਨਾਲੋਂ ਵਧ ਜਾਂਦੀ ਹੈ ਤਾਂ ਸੀਨੀਅਰ ਕਰਮਚਾਰੀ ਦੀ ਤਨਖਾਹ ਜੂਨੀਅਰ ਕਰਮਚਾਰੀ ਦੇ ਬਰਾਬਰ ਕੀਤੀ ਜਾਵੇਗੀ।

ਹੋਈ ਹੋਵੇ ਅਤੇ ਸੀਨੀਅਰ ਕਰਮਚਾਰੀ ਨੇ ਪ੍ਰਮੋਸ਼ਨ ਤੇ ਉਸ ਮਿਤੀ ਤੋਂ ਹੀ ਪੇ ਫਿਕਸ਼ੇਸਨ ਦੀ ਆਪਸ਼ਨ ਦਿੱਤੀ ਹੋਵੇ ਜੇਕਰ ਸੀਨੀਅਰ ਕਰਮਚਾਰੀ ਨੇ ਆਪਣੀ ਪ੍ਰਮੋਸ਼ਨ ਪੋਸਟਪੋਨ ਕਰਨ ਲਈ ਆਪਸ਼ਨ ਦਿੱਤੀ ਹੋਵੇ ਤਾਂ ਤਨਖਾਹ ਜੂਨੀਅਰ ਕਰਮਚਾਰੀ ਦੇ ਬਰਾਬਰ ਨਹੀਂ ਕੀਤੀ ਜਾਵੇਗੀ। ਇਨ੍ਹਾਂ ਹਦਾਇਤਾਂ ਅਨੁਸਾਰ ਸੀਨੀਅਰ ਕਰਮਚਾਰੀ ਦੀ ਸਾਲਾਨਾ ਤਰੱਕੀ ਤਨਖਾਹ ਸਟੈਪ ਅੱਪ ਹੋਣ ਤੋਂ 12 ਮਹੀਨੇ ਬਾਅਦ ਲੱਗੇਗੀ ਅਤੇ ਇਹ ਤਨਖਾਹ ਬਰਾਬਰ ਕਰਨ ਲਈ ਸਮਰੱਥ ਅਧਿਕਾਰੀ ਪ੍ਰਬੰਧਕੀ ਵਿਭਾਗ ਹੋਵੇਗਾ। ਪ੍ਰਬੰਧਕੀ ਵਿਭਾਗ ਇਹ ਤਨਖਾਹ ਵਿੱਤ ਵਿਭਾਗ ਦੀ ਸਲਾਹ ਨਾਲ ਹੀ ਬਰਾਬਰ ਕਰੇਗਾ।ਪੰਜਾਬ ਸਰਕਾਰ ਦੇ ਪੱਤਰ ਨੰ: 6/88/2000/1ਵਿ.ਪ੍ਰੋ.2/2582 ਮਿਤੀ 21.3.2001 ਅਨੁਸਾਰ ਸੀਨੀਅਰ ਕਰਮਚਾਰੀ ਦੀ ਤਨਖਾਹ ਜੂਨੀਅਰ ਕਰਮਚਾਰੀ ਦੇ ਬਰਾਬਰ ਤਾਂ ਹੀ ਕੀਤੀ ਜਾਵੇਗੀ ਜੇਕਰ ਦੋਵਾਂ ਕਰਮਚਾਰੀਆਂ ਨੇ ਰਿਵਾਈਜਡ ਪੇ ਰੂਲਜ 1988 ਦੇ ਰੂਲ 8 ਦੀ ਇਕੋ ਹੀ ਕਲਾਜ ਅਧੀਨ ਆਪਸ਼ਨ ਦਿੱਤੀ ਹੋਵੇ। ਜੇਕਰ ਕਿਸੇ ਜੂਨੀਅਰ ਕਰਮਚਾਰੀ ਵਲੋਂ ਪੱਦ ਉਨਤੀ ਸਮੇਂ ਵਖਰੀ ਆਪਸਨ ਦੇਣ ਕਾਰਨ ਜੂਨੀਅਰ ਦੀ ਤਨਖਾਹ ਵਧ ਜਾਵੇ ਤਾਂ ਸੀਨੀਅਰ ਕਰਮਚਾਰੀ ਆਪਣੀ ਪੱਦ ਉਨਤੀ ਦੀ ਮਿਤੀ ਤੋਂ ਦੁਬਾਰਾ ਆਪਸ਼ਨ ਦੇ ਕੇ ਤਨਖਾਹ ਜੂਨੀਅਰ ਦੇ ਬਰਾਬਰ ਕਰਵਾ ਸਕਦਾ ਹੈ ਇਸ ਤਰਾਂ ਦੇ ਕੇਸ ਵਿਚ ਦੁਬਾਰਾ ਤਨਖਾਹ ਫਿਕਸ ਹੋਣ ਕਾਰਨ ਬਣਦੀ ਰਿਕਵਰੀ ਦੇਣੀ ਪਵੇਗੀ ।ਪੰਜਾਬ ਸਰਕਾਰ ਦੇ ਪੱਤਰ 6/36/2004-1 ਐਫ.ਪੀ.-11/4967 ਮਿਤੀ 3.6.05 ਅਨੁਸਾਰ ਸੀਨੀਅਰ ਕਰਮਚਾਰੀ ਦੀ ਤਨਖਾਹ ਉਸੇ ਜੂਨੀਅਰ ਕਰਮਚਾਰੀ ਦੇ ਬਰਾਬਰ ਦੁਬਾਰਾ ਵੀ ਕੀਤੀ ਜਾ ਸਕਦੀ ਹੈ ਜੇਕਰ ਬਾਅਦ ਵਿਚ ਉਸ ਦੀ ਤਨਖਾਹ ਸੀਨੀਅਰ ਕਰਮਚਾਰੀ ਨਾਲੋਂ ਵਧ ਜਾਵੇ। ਇਹ ਪੱਤਰ ਪੰਜਾਬ ਸਰਕਾਰ ਦੇ ਪੱਤਰ ਮਿਤੀ 21.6.2000 ਦੇ ਹਵਾਲੇ ਵਿਚ ਜਾਰੀ ਕੀਤਾ ਗਿਆ ਹੈ। ਜਿਸ ਤੋ ਭਾਵ ਸਿਰਫ 21.6.2000 ਦੇ ਪੱਤਰ ਦੀ ਅਨਾਮਲੀ ਦੇ ਕੇਸ ਵਿਚ ਹੀ ਇਹ ਹਦਾਇਤਾਂ ਲਾਗੂ ਹਨ ।ਪੰਜਾਬ ਸਰਕਾਰ ਦੇ ਪੱਤਰ ਨੰ: 6/138/98-1 ਐਫ.ਪੀ.-1/124 ਮਿਤੀ 10.1.06 ਅਨੁਸਾਰ ਸੀਨੀਅਰ ਜੂਨੀਅਰ ਦੇ ਕੇਸ ਏ.ਸੀ.ਐਫ.ਏ./ਡੀ.ਸੀ.ਐਫ.ਏ./ਜੇ.ਸੀ.ਐਫ.ਏ. ਵੱਲੋਂ ਚੈਕ ਕੀਤੇ ਜਾਣਗੇ। ਇਨ੍ਹਾਂ ਕੇਸਾਂ ਨੂੰ ਚੈਕ ਕਰਨ ਸਬੰਧੀ ਹੇਠ ਲਿਖੀ ਚੈਕ ਲਿਸਟ ਜਾਰੀ ਕੀਤੀ ਗਈ।

Whether senior/junior employee belongs to the same cadre and post in which they have been promoted also belong to the same cadre? Yes/No

- Whether pre-revised and revised scales of pay of lower and higher post are identical? Yes/No
- Whether senior employee was drawing equal or more pay than the junior? Yes/No
- Whether Anomaly is as per the Revised Pay Rules, 1998. ? Yes/No
- Whether the Anomaly is due to Assured Career Progression Scheme? Yes/No
- Whether anomaly is due to the regulating of pay in the revised scale? Yes/No
- Whether junior and senior employee exercised the option under the same rule i.e. Rule 8(a) or Rule 8(b) of Punjab Civil Service (Revised pay) Rules, 1988. Yes/No

6. ਪੰਜਾਬ ਸਰਕਾਰ, ਵਿਤ ਵਿਭਾਗ ਦੇ ਪੱਤਰ ਨੰ: 6/46/2010-1 ਐਫ.ਪੀ.11/322892/1 ਮਿਤੀ 13.10.14 ਰਾਹੀਂ ਜਾਰੀ ਹਦਾਇਤਾਂ ਅਨੁਸਾਰ ਸੀਨੀਅਰ ਦੀ ਤਨਖਾਹ ਜੂਨੀਅਰ ਦੇ ਬਰਾਬਰ ਸਟੈਪ ਅਪ ਕਰਨ ਦਾ ਅਧਿਕਾਰੀ ਹੇਠ ਅਨੁਸਾਰ ਹੋਵੇਗਾ। ਗਰੁਪ ਏ ਅਤੇ ਬੀ ਅਧਿਕਾਰੀਆਂ ਦੇ ਕੇਸ ਵਿਚ ਵਿਭਾਗ ਦਾ ਪ੍ਰਬੰਧਕੀ ਸਕੱਤਰ ਅਤੇ ਗਰੁੱਪ ਸੀ ਅਤੇ ਡੀ ਦੇ ਕੇਸ ਵਿਚ ਵਿਭਾਗ ਦਾ ਮੁੱਖੀ ਇਹ ਲਾਭ ਦੇਣ ਲਈ ਅਧਿਕਾਰਤ ਹੋਵੇਗਾ। ਇਹ ਲਾਭ ਦੇਣ ਤੋਂ ਪਹਿਲਾਂ ਵਿਭਾਗਾਂ ਵਿਚ ਤੈਨਾਤ ਐਸ.ਏ.ਐਸ. ਅਧਿਕਾਰੀ ਜਿਵੇਂ ਸੈਕਸ਼ਨ ਅਫਸਰ, ਸਹਾਇਕ ਕੰਟਰੋਲਰ (ਵਿੱਤ ਤੇ ਲੇਖਾ), ਡਿਪਟੀ ਕੰਟਰੋਲਰ, ਜੁਆਇੰਟ ਕੰਟਰੋਲਰ ਜਾਂ ਕੰਟਰੋਲਰ ( ਵਿੱਤ ਤੇ ਲੇਖਾ) ਆਦਿ ਤੋਂ ਵੈਟ ਕਰਵਾਣ ਉਪਰੰਤ ਹੀ ਇਹ ਲਾਭ ਦਿੱਤਾ ਜਾਵੇ। ਜੇਕਰ ਵਿਭਾਗ ਵਿਚ ਕੋਈ ਐਸ.ਏ.ਐਸ. ਅਧਿਕਾਰੀ ਨਹੀਂ ਤਾਂ ਅੰਦਰੂਨੀ ਪੜਤਾਲ ਸੰਸਥਾ (ਮਾਲ) ਵਿੱਤ ਵਿਭਾਗ ਤੋਂ ਵੈਟ ਕਰਵਾਣ ਉਪਰੰਤ ਇਹ ਲਾਭ ਦਿੱਤਾ ਜਾਵੇ।ਇਹ ਲਾਭ ਦਾ ਏਰੀਅਰ ਪ੍ਰਤੀ ਬੇਨਤੀ ਦੀ ਮਿਤੀ ਤੋਂ ਪਿਛਲੇ 38 ਮਹੀਨੇ ਦਾ ਹੀ ਦਿੱਤਾ ਜਾਵੇ ।

7. ਪੰਜਾਬ ਸਰਕਾਰ, ਵਿਤ ਵਿਭਾਗ ਦੇ ਪੱਤਰ ਨੰ: 8/5/2015-ਪ..ਪੀ.1/42 ਮਿਤੀ 14.03.2017 ਅਨੁਸਾਰ ਰਿਜਰਵ ਕੈਟਾਗਰੀ ਦੇ ਕਰਮਚਾਰੀਆਂ / ਅਧਿਕਾਰੀਆਂ ਦੀ ਰੋਸਟਰ ਦੇ ਨੁਕਤੇ ਅਨੁਸਾਰ ਦਿੱਤੀ ਗਈ ਪੱਦ ਉਨਤੀ ਦਾ ਜਰਨਲ ਕੈਟਾਗਰੀ ਦੇ ਕਰਮਚਾਰੀਆਂ ਦੀ ਸੀਨੀਅਰਤਾ ਤੇ ਕੋਈ ਅਸਰ ਨਹੀਂ ਪੈਂਦਾ । ਇਸ ਲਈ ਜੇਕਰ ਕੋਈ ਰਿਜਰਵ ਕੈਟਾਗਰੀ ਦਾ ਕਰਮਚਾਰੀ ਰੋਸਟਰ ਨੁਕਤੇ ਅਨੁਸਾਰ ਪਦ ਉਨਤ ਹੋ ਜਾਂਦਾ ਹੈ ਤੇ ਉਸ ਦੀ ਤਨਖਾਹ ਜਰਨਲ ਕੈਟਾਗਰੀ ਦੇ ਕਰਮਚਾਰੀ ਨਾਲੋਂ ਵੱਧ ਜਾਂਦੀ ਹੈ ਤਾਂ ਉਸ ਕੇਸ ਵਿਚ ਜਰਨਲ ਕੈਟਾਗਰੀ ਦੇ ਕਰਮਚਾਰੀ ਦੀ ਤਨਖਾਹ ਉਸ ਦੇ ਜੂਨੀਅਰ ਰਿਜਰਵ ਕੈਟਾਗਰੀ ਦੇ ਬਰਾਬਰ ਕੀਤੀ ਜਾਵੇਗੀ।

**Compiled by**

**Ramesh Singh Mittal**
**Deputy Controller (F&A) (Retd.)**
**email : r.mittal1953@gmail.com**
**Mobile 9417352301**